ਪੰਜਾਬ ਸਕੂਲ ਸਿੱਖਿਆ ਬੋਰਡ
ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062
(ਸ਼ਾਖਾ ਸੰਚਾਲਨ)

ਨੰ:ਪਸਸਬ-ਸ.ਸ-ਬਸ-2026/2666
ਮਿਤੀ: 16-01-2026

ਵੱਲ:

1. ਸਮੂਹ ਐਕਸਟਰਨਲ ਪ੍ਰੀਖਿਅਕ
2. ਸਮੂਹ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ)
3. ਸਮੂਹ ਪ੍ਰਿੰਸੀਪਲ/ਮੁੱਖ ਅਧਿਆਪਕ/ਮੁੱਖ ਅਧਿਆਪਕਾ,
   ਪੰਜਾਬ ਰਾਜ।

**ਦਸਵੀਂ ਅਤੇ ਬਾਰ੍ਹਵੀਂ ਪਰੀਖਿਆਵਾਂ ਫਰਵਰੀ/ਮਾਰਚ 2026 ਲਈ ਪ੍ਰਯੋਗੀ ਪਰੀਖਿਆਵਾਂ ਪੂਰੇ ਵਿਸ਼ਿਆਂ (ਸਮੇਤ ਓਪਨ ਸਕੂਲ) ਅਧੀਨ ਕੰਪਾਰਟਮੈਂਟ/ ਰੀ-ਅਪੀਅਰ, ਵਾਧੂ ਵਿਸ਼ਾ ਅਤੇ ਦਰਜਾ/ਕਾਰਗੁਜ਼ਾਰੀ ਵਧਾਉਣ ਵਾਲੇ ਪਰੀਖਿਆਰਥੀਆਂ ਲਈ ਪਰੀਖਿਆਵਾਂ ਦੇ ਸੰਚਾਲਨ ਸਬੰਧੀ।**

..................................................................................................................................................

**ਵਿਸ਼ੇ ਅਧੀਨ ਪ੍ਰਯੋਗੀ ਪਰੀਖਿਆਵਾਂ ਮਿਤੀ 02-02-2026 ਤੋਂ ਮਿਤੀ 12-02-2026 ਤੱਕ ਕਰਵਾਈਆਂ ਜਾ ਰਹੀਆਂ ਹਨ। ਇਸ ਸਬੰਧ ਵਿੱਚ ਮਿਤੀ 24-12-2025 ਅਤੇ ਮਿਤੀ 07-01-2026 ਨੂੰ ਜਾਰੀ ਹਦਾਇਤਾਂ ਦੀ ਲਗਾਤਾਰਤਾ ਵਿੱਚ ਪਰੀਖਿਆਵਾਂ ਦੇ ਸੰਚਾਨਲ ਲਈ ਬਾਹਰੀ ਪਰੀਖਿਅਕਾਂ ਲਈ ਹਦਾਇਤਾਂ ਹੇਠ ਅਨੁਸਾਰ ਹਨ:-**

1. ਪਰੀਖਿਆਰਥੀਆਂ ਲਈ ਪਰੀਖਿਆ ਕੇਂਦਰ ਵਿੱਚ ਇੱਕ ਘੰਟਾ ਪਹਿਲਾਂ ਪਹੁੰਚਣਾ ਲਾਜ਼ਮੀ ਕੀਤਾ ਗਿਆ ਹੈ।
2. ਰੋਲ ਨੰਬਰ ਸਲਿਪ ਤੋਂ ਬਿਨ੍ਹਾਂ ਕਿਸੇ ਪਰੀਖਿਆਰਥੀ ਨੂੰ ਪਰੀਖਿਆ ਕੇਂਦਰ ਵਿੱਚ ਦਾਖਲ ਨਾ ਹੋਣ ਦਿੱਤਾ ਜਾਵੇ।
3. ਕੇਂਦਰ ਵਿੱਚ ਤੁਹਾਡੇ ਆਪਣੇ ਸਕੂਲ ਦੇ ਉਮੀਦਵਾਰ ਪਰੀਖਿਆ ਨਾ ਦੇ ਰਹੇ ਹੋਣ ਜਾਂ ਤੁਹਾਡਾ ਆਪਣਾ ਕੋਈ ਨਜ਼ਦੀਕੀ ਰਿਸ਼ਤੇਦਾਰ ਜਾਂ ਤੁਹਾਡੇ ਵੱਲੋਂ ਪੜ੍ਹਾਇਆ ਹੋਇਆ ਪਰੀਖਿਆਰਥੀ ਪਰੀਖਿਆ ਨਾ ਦੇ ਰਿਹਾ ਹੋਵੇ ਜੇਕਰ ਤੁਹਾਨੂੰ ਬੋਰਡ ਵੱਲੋਂ ਕਿਸੇ ਵੀ ਸੇਵਾਫਲ ਪਾਉਣ ਵਾਲੇ ਕੰਮ ਤੋਂ ਅਯੋਗ ਠਹਿਰਾਇਆ ਗਿਆ ਹੈ ਤਾਂ ਇਸ ਸਬੰਧੀ ਤੁਰੰਤ ਡੀ.ਈ.ਓ/ ਜਿਲਾ ਸਿੱਖਿਆ ਅਫਸਰ ਦੇ ਦਫਤਰ ਨੂੰ ਸੂਚਿਤ ਕਰਨਾ ਯਕੀਨੀ ਬਣਾਇਆ ਜਾਵੇ।
4. ਪਰੀਖਿਆਵਾਂ ਸਬੰਧੀ ਡਿਊਟੀ ਲਾਜ਼ਮੀ ਕਰਾਰ ਦਿੱਤੀ ਹੋਈ ਹੈ ਕਿਸੇ ਵੀ ਹਾਲਤ ਵਿੱਚ ਡਿਊਟੀ ਤੋਂ ਛੋਟ ਦੀ ਅਗਿਆ ਨਹੀਂ ਦਿੱਤੀ ਜਾਵੇਗੀ।
5. Practical Examiner ਨੂੰ ਆਪਣੀ ਡਿਊਟੀ ਆਪਣੇ ਆਪ ਰੱਦ ਕਰਨ ਜਾਂ ਬਦਲਾਵ ਕਰਨ ਦੀ ਅਗਿਆ ਨਹੀਂ ਹੋਵੇਗੀ।ਡਿਊਟੀ Replacement ਸਿਰਫ ਡੀ.ਈ.ਓ ਦਫਤਰ ਦੇ ਰਾਹੀਂ ਅਤੇ ਬੋਰਡ ਦਫਤਰ ਵੱਲੋਂ ਮੰਜ਼ੂਰੀ ਉਪਰੰਤ ਹੀ ਕੀਤੀ ਜਾਵੇਗੀ।
6. ਡਿਊਟੀ ਨਾ ਨਿਭਾਉਣ ਦੀ ਸੂਰਤ ਵਿੱਚ Practical Examiner ਆਪਣੇ ਸਕੂਲ ਤੋਂ ਗੈਰਹਾਜ਼ਰ ਸਮਝਿਆ ਜਾਵੇਗਾ ਅਤੇ ਉਸ ਵਿਰੁੱਧ ਅਨੁਸ਼ਾਸ਼ਨੀ ਕਾਰਵਾਈ ਲਈ ਸਬੰਧਤ ਵਿਭਾਗ ਨੂੰ ਲਿਖ ਦਿੱਤਾ ਜਾਵੇਗਾ।
7. ਬੋਰਡ ਦਫਤਰ ਵੱਲੋਂ ਲਗਾਏ ਗਏ Practical Examiner ਨੂੰ ਮਿਹਨਤਾਨੇ ਦੀ ਅਦਾਇਗੀ ਨਿਰਧਾਰਿਤ ਦਰਾਂ /ਦਫਤਰੀ ਨਿਯਮਾਂ ਅਨੁਸਾਰ ਹੀ ਕੀਤੀ ਜਾਵੇਗੀ। ਇਸ ਤੋਂ ਇਲਾਵਾ ਕੋਈ ਟੀ.ਏ./ਡੀ.ਏ ਦੀ ਅਦਾਇਗੀ ਨਹੀਂ ਕੀਤੀ ਜਾਵੇਗੀ।
8. ਨਿਗਰਾਨ ਅਮਲੇ ਤੋਂ ਇਲਾਵਾ ਬਾਕੀ ਸਟਾਫ ਅਤੇ ਦਰਜ਼ਾ -4 ਅਮਲਾ ਸਬੰਧਤ ਸਕੂਲ ਦਾ ਹੋਵੇਗਾ।
9. Practical Examination ਅਮਲਾ ਜੇਕਰ ਆਪਣੀ ਡਿਊਟੀ ਦੌਰਾਨ ਵਿਸ਼ਵਾਸ ਜਾਂ ਅਨੁਸ਼ਾਸਨ ਭੰਗ ਕਰਦਾ ਹੈ ਜਾਂ ਡਿਊਟੀ ਪ੍ਰਤੀ ਕੋਈ ਕੋਤਾਹੀ ਪਾਈ ਜਾਂਦੀ ਹੈ ਤਾਂ ਕਾਨੂੰਨੀ/ਵਿਭਾਗੀ ਕਾਰਵਾਈ ਲਈ ਉਹ ਜਿੰਮੇਵਾਰ ਹੋਵੇਗਾ।
10. Practical ਸਬੰਧੀ ਹਸਤਾਖਰ ਚਾਰਟ ਸੈਂਟਰ ਸਕੂਲ ਪੋਰਟਲ ਤੇ ਅਪਲੋਡ ਕਰ ਦਿੱਤਾ ਜਾਵੇਗਾ।
11. ਪ੍ਰਸ਼ਨ ਪੱਤਰ ਪਰੀਖਿਆ ਸ਼ੁਰੂ ਹੋਣ ਤੋਂ ਇੱਕ ਘੰਟਾ ਪਹਿਲਾਂ ਡਾਊਨਲੋਡ ਕਰ ਲਏ ਜਾਣ।
12. ਲਾਗਇੰਨ ਡਿਟੇਲ ਭਾਵ URL link, User Name ਅਤੇ Passward ਇੱਕ ਦਿਨ ਪਹਿਲਾਂ ਕੇਂਦਰ ਕੰਟਰੋਲਰ ਦੇ ਮੋਬਾਇਲ ਫੋਨ ਤੇ ਭੇਜ ਦਿੱਤੀ ਜਾਵੇਗੀ।
13. Practical Examiner ਵੱਲੋਂ ਕੇਂਦਰ ਕੰਟਰੋਲਰ ਤੋਂ ਸਕੂਲ ਦਾ User Name ਅਤੇ Passward ਲੈ ਕੇ ਆਨਲਾਈਨ ਪੋਰਟਲ ਤੇ ਐਂਟਰੀ ਕੀਤੀ ਜਾਵੇ।

Scanned with CamScanner

14. ਪਰੀਖਿਆ ਸਬੰਧੀ User ID, Passward ਪ੍ਰਸ਼ਨ ਪੱਤਰ ਜਾਂ ਵਿਦਿਆਰਥੀਆਂ ਦੇ ਰੋਲ ਨੰਬਰ ਆਦਿ ਕਿਸੇ ਵੀ ਗੈਰ ਅਧਿਕਾਰਿਤ ਵਿਅਕਤੀ ਨਾਲ ਸਾਂਝੇ ਨਾ ਕੀਤੇ ਜਾਣ।

15. Practical Examination ਸਬੰਧੀ ਕੋਈ ਵੀ Photo ਜਾਂ Video Social Media ਤੇ ਸ਼ੇਅਰ ਕਰਨਾ ਸਖਤ ਮਨਾ ਹੈ।

16. ਜੇਕਰ Practical Examination ਦੌਰਾਨ Technical Problem ਜਾਂ Internet ਸਬੰਧੀ ਕੋਈ ਵੀ ਸਮੱਸਿਆ ਆਉਂਦੀ ਹੈ ਤਾਂ Practical Examiner ਤੁਰੰਤ ਕੇਂਦਰ ਕੰਟਰੋਲਰ ਨੂੰ ਸੂਚਿਤ ਕਰੇਗਾ ਅਤੇ ਲੋੜ ਪੈਣ ਤੇ ਬੋਰਡ ਦਫਤਰ ਨੂੰ ਸੂਚਿਤ ਕੀਤਾ ਜਾਵੇ।ਇਸ ਸਬੰਧੀ ਕੰਡਕਟ ਸ਼ਾਖਾ ਦੇ ਡੀਲਿੰਗ ਸਹਾਇਕਾਂ /ਸੁਪਰਡੰਟਾਂ ਦੇ ਫੋਨ ਨੰਬਰ ਸਕੂਲ ਲਾਗਇੰਨ ਅਤੇ ਬੋਰਡ ਦੀ ਵੈਬਸਾਈਟ ਤੇ ਉਪਲੱਬਧ ਹਨ।

16/1/26

ਸਹਾਇਕ ਸਕੱਤਰ (ਕੰਡਕਟ ਸ਼ਾਖਾ)
ਪੰਜਾਬ ਸਕੂਲ ਸਿੱਖਿਆ ਬੋਰਡ

Scanned with CamScanner

## ਪੰਜਾਬ ਸਕੂਲ ਸਿੱਖਿਆ ਬੋਰਡ

**ਬਾਰਵੀਂ ਪਰੀਖਿਆਵਾਂ ਫਰਵਰੀ/ਮਾਰਚ 2026 ਲਈ ਪ੍ਰਯੋਗੀ ਪਰੀਖਿਆਵਾਂ ਸਬੰਧੀ ਪੇਪਰ ਡਾਊਨਲੋਡ ਕਰਨ ਸਬੰਧੀ ਕੋਈ ਸਮੱਸਿਆ ਆਉਣ ਤੇ ਨਾਲ ਨੱਥੀ ਨੰਬਰਾਂ ਤੇ ਸੰਪਰਕ ਕੀਤਾ ਜਾਵੇ:-**

| ਲੜੀ ਨੰ: | ਡੀਲਿੰਗ ਸਹਾਇਕ/ਕਲਰਕ/ ਦਾ ਨਾਮ/ਅਹੁਦਾ | ਡੀਲ ਕੀਤੇ ਜਾਣ ਵਾਲੇ ਜਿਲੇ |
|---|---|---|
| 1 | ਸ਼ਵਿੰਦਰ ਸਿੰਘ (84274-22171) | ਜਲੰਧਰ, ਬਰਨਾਲਾ ਅਤੇ ਫਤਿਹਗੜ੍ਹ ਸਾਹਿਬ |
| 2 | ਰੁਪਿੰਦਰ ਕੌਰ(84374-51000) | ਸ੍ਰੀ ਮੁਕਤਸਰ ਸਾਹਿਬ, ਪਟਿਆਲਾ ਅਤੇ ਮਲੇਰਕੋਟਲਾ |
| 3 | ਮਲਕੀਤ ਸਿੰਘ(97811-10272) | ਲੁਧਿਆਣਾ |
| 4. | ਬਲਜਿੰਦਰ ਸਿੰਘ(98156-60016) | ਹੁਸ਼ਿਆਰਪੁਰ, ਕਪੂਰਥਲਾ ਅਤੇ ਮਾਨਸਾ |
| 5. | ਰਮਨਦੀਪ ਗਿੱਲ (98555-00505) | ਮੁਹਾਲੀ, ਐਸ.ਬੀ.ਐਸ ਨਗਰ, ਸੰਗਰੂਰ |
| 6. | ਸੁਨੀਲ ਕੁਮਾਰ(80542-76198) | ਗੁਰਦਾਸਪੁਰ, ਬਠਿੰਡਾ |
| 7. | ਭਾਵਨਾ(78374-58844) | ਅੰਮ੍ਰਿਤਸਰ, ਪਠਾਨਕੋਟ |
| 8. | ਜਗਜੀਤ ਸਿੰਘ (99158-65325) | ਫਰੀਦਕੋਟ, ਤਰਨਤਾਰਨ ਅਤੇ ਮੋਗਾ |
| 9. | ਚਰਨਜੀਤ ਸਿੰਘ(97818-00873) | ਫਿਰੋਜਪੁਰ, ਫਾਜਿਲਕਾ ਅਤੇ ਰੋਪੜ |

1. ਸੁਪਰਡੰਟ (CS-2): 0172-5227303 / 94638-89199 2.ਸੁਪਰਡੰਟ (CS-3): 0172-5227340 / 78887-06455

3. ਸੁਪਰਡੰਟ (CS-4): 0172-5227339 / 98143-40101 4.Technical Wing: 84279-50212

5. ਸਹਾਇਕ ਸਕੱਤਰ (ਕਾਰਜ ਸੰਚਾਲਨ): 0172-5227334

**ਪ੍ਰਯੋਗੀ ਪਰੀਖਿਆ ਸਬੰਧੀ ਹਸਤਾਖਰ ਚਾਰਟ ,ਰੋਲ ਨੰਬਰ ਅਤੇ ਹੋਰ ਕਿਸੇ ਕਿਸਮ ਦੀ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕੀਤਾ ਜਾਵੇ:-**

6. ਸਹਾਇਕ ਸਕੱਤਰ (ਬਾਰ੍ਹਵੀਂ) 0172-5227305,319 7 .ਸਹਾਇਕ ਸਕੱਤਰ(ਦਸਵੀਂ) 0172-5227284,290

**ਈ-ਮੇਲ ਆਈ .ਡੀ conductpseb@gmail.com**

Scanned with CamScanner